# ਓਰੇਗਨ ਆਈਡੀ ਨੂੰ ਕਿਵੇਂ ਪੜ੍ਹਨਾ ਹੈ

**ਓਰੇਗਨ ਵਿੱਚ, 21 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਤੰਬਾਕੂ ਉਤਪਾਦ, ਈ-ਸਿਗਰੇਟਾਂ ਅਤੇ ਵੈਪਿੰਗ ਉਤਪਾਦ ਵੇਚਣਾ ਕਾਨੂੰਨ ਦੇ ਵਿਰੁੱਧ ਹੈ।**

## ਤੁਸੀਂ ਇਹਨਾਂ ਵਿੱਚੋਂ ਕਿਸੇ ਇੱਕ ਫੋਟੋ ਆਈਡੀ ਨੂੰ ਉਹਨਾਂ ਦੀ ਉਮਰ ਦੇ ਸਬੂਤ ਵਜੋਂ ਸਵੀਕਾਰ ਕਰ ਸਕਦੇ ਹੋ:

1. ਸੰਯੁਕਤ ਰਾਜ ਜਾਂ ਵਿਦੇਸ਼ੀ ਸਰਕਾਰ ਦੁਆਰਾ ਜਾਰੀ ਕੀਤਾ ਪਾਸਪੋਰਟ ਜਾਂ ਪਾਸਪੋਰਟ ਕਾਰਡ।
2. ਯੂਐਸ ਰਾਜ ਦੁਆਰਾ ਜਾਰੀ ਕੀਤਾ ਇੱਕ ਡ੍ਰਾਈਵਰ ਲਾਇਸੰਸ।
3. ਯੂਐਸ ਰਾਜ ਦੁਆਰਾ ਜਾਰੀ ਕੀਤਾ ਗਿਆ ਇੱਕ ਆਈਡੀ ਕਾਰਡ।
4. ਇੱਕ ਯੂਐਸ ਸੰਘੀ ਮਾਨਤਾ ਪ੍ਰਾਪਤ ਕਬੀਲੇ ਦੁਆਰਾ ਜਾਰੀ ਕੀਤੀ ਇੱਕ ਆਈਡੀ।
5. ਇੱਕ ਯੂਐਸ ਮਿਲਟਰੀ ਆਈਡੀ ਕਾਰਡ।
6. ਕਿਸੇ ਯੂਐਸ ਰਾਜ ਜਾਂ ਖੇਤਰ ਦੁਆਰਾ ਜਾਰੀ ਕੀਤਾ ਗਿਆ ਕੋਈ ਹੋਰ ਆਈਡੀ ਕਾਰਡ ਜਿਸ ਵਿੱਚ ਇਹ ਸਭ ਹੋਣ:
   - ਉਹਨਾਂ ਦੀ ਤਸਵੀਰ
   - ਉਹਨਾਂ ਦਾ ਨਾਮ
   - ਉਹਨਾਂ ਦੀ ਜਨਮ ਤਾਰੀਖ, ਅਤੇ
   - ਉਹਨਾਂ ਦਾ ਸਰੀਰਕ ਵੇਰਵਾ।



## 21 ਤੋਂ ਘੱਟ ਦੀ ਆਈਡੀ ਦੀ ਜਾਂਚ ਕਿਵੇਂ ਕਰਨੀ ਹੈ

ਇੱਕ ਓਰੇਗਨ ਡ੍ਰਾਈਵਰ ਲਾਇਸੰਸ ਅਤੇ ਇੱਕ ਓਰੇਗਨ ਆਈਡੀ ਕਾਰਡ ਵਿੱਚ ਉਹ ਮਿਤੀਆਂ ਸ਼ਾਮਲ ਹੁੰਦੀਆਂ ਹਨ ਜਦੋਂ ਵਿਅਕਤੀ ਦੀ ਉਮਰ 18 ਅਤੇ 21 ਸਾਲ ਦੀ ਹੁੰਦੀ ਹੈ। ਮਿਤੀਆਂ ਕਾਰਡ ਦੇ ਸੱਜੇ ਪਾਸੇ ਉੱਤੇ ਲਾਲ ਬਕਸੇ ਦੇ ਅੰਦਰ ਹਨ। 21 ਤੋਂ ਘੱਟ ਉਮਰ ਦੇ ਲੋਕਾਂ ਨੂੰ ਜਾਰੀ ਕੀਤੇ ਗਏ ਕਾਰਡ ਇੱਕ ਲੰਬਕਾਰੀ ਰੂਪ ਵਿੱਚ ਹਨ।




ਓਰੇਗਨ ਡਰਾਈਵਰ ਅਤੇ ਮੋਟਰ ਵਾਹਨ (DMV) ਓਰੇਗਨ ਡਰਾਈਵਰ ਲਾਇਸੈਂਸ ਅਤੇ ਓਰੇਗਨ ਆਈਡੀ ਕਾਰਡ ਦੋਵੇਂ ਜਾਰੀ ਕਰਦੇ ਹਨ, ਜੋ ਕਿ ਇੱਕੋ ਜਿਹੇ ਦਿਖਾਈ ਦਿੰਦੇ ਹਨ।

ਜਦੋਂ ਤੁਸੀਂ ਆਈਡੀ ਚੈੱਕ ਕਰਦੇ ਹੋ ਤਾਂ ਜਲਦਬਾਜ਼ੀ ਨਾ ਕਰੋ ਜਾਂ ਕਿਸੇ ਨੂੰ ਆਪਣੇ 'ਤੇ ਦਬਾਅ ਨਾ ਪਾਉਣ ਦਿਓ। ਕਾਨੂੰਨ ਦੀ ਪਾਲਣਾ ਕਰਨ ਲਈ ਇਸ ਦੀ ਧਿਆਨ ਨਾਲ ਜਾਂਚ ਕਰੋ। ਤੁਸੀਂ ਸਿਰਫ਼ ਉਹਨਾਂ ਦੀ ਜਨਮ ਤਾਰੀਖ ਨਹੀਂ ਪੁੱਛ ਸਕਦੇ। ਤੁਹਾਨੂੰ ਹਮੇਸ਼ਾ ਆਈਡੀ ਦੀ ਜਾਂਚ ਕਰਨੀ ਚਾਹੀਦੀ ਹੈ। ਜੇਕਰ ਤੁਹਾਨੂੰ ਯਕੀਨ ਨਹੀਂ ਹੈ ਕਿ ਆਈਡੀ ਵੈਧ ਹੈ, ਤਾਂ ਤੁਸੀਂ ਵਿਕਰੀ ਤੋਂ ਇਨਕਾਰ ਕਰ ਸਕਦੇ ਹੋ।

21 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਤੰਬਾਕੂ, ਈ-ਸਿਗਰੇਟਾਂ ਅਤੇ ਵੈਪਿੰਗ ਉਤਪਾਦਾਂ ਨੂੰ ਵੇਚਣ ਦੇ ਵਿਰੁੱਧ ਕਾਨੂੰਨਾਂ ਬਾਰੇ ਹੋਰ ਜਾਣਕਾਰੀ ਲਈ Tobacco.Inspections@odhsoha.oregon.gov 'ਤੇ ਈਮੇਲ ਕਰੋ।

## ਹੋਰ ਰੂਪ ਅਤੇ ਭਾਸ਼ਾਵਾਂ

ਤੁਸੀਂ ਇਹ ਦਸਤਾਵੇਜ਼ ਹੋਰਨਾਂ ਭਾਸ਼ਾਵਾਂ, ਵੱਡੇ ਪ੍ਰਿੰਟ, ਬ੍ਰੇਲ ਲਿਪੀ ਜਾਂ ਆਪਣੀ ਪਸੰਦ ਦੇ ਰੂਪ ਵਿੱਚ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ। ਤੰਬਾਕੂ ਰੀਟੇਲ ਲਾਇਸੈਂਸ ਪ੍ਰੋਗਰਾਮ ਨੂੰ tobacco.inspections@odhsoha.oregon.gov ਜਾਂ 971-673-2283 (ਵੌਇਸ) 'ਤੇ ਸੰਪਰਕ ਕਰੋ। ਅਸੀਂ ਸਾਰੀਆਂ ਰਿਲੇ ਕਾਲਾਂ ਸਵੀਕਾਰ ਕਰਦੇ ਹਾਂ।

200-224808_OHA 9492 (12/2025) Punjabi